## ਪਾਠ-1

## ਜੈ ਭਾਰਤ ਮਾਤਾ (ਲੇਖਕ-ਸ਼ਿਵ ਕੁਮਾਰ ਬਟਾਲਵੀ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਇਸ ਪਾਠ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ?**

ਉੱਤਰ : ਇਸ ਕਵਿਤਾ ਵਿੱਚ ਰਾਜਾ ਪੋਰਸ, ਸ਼ਿਵਾ ਜੀ, ਰਾਣਾ ਪ੍ਰਤਾਪ, ਰਾਣੀ ਝਾਂਸੀ, ਜਲ੍ਹਿਆਂ ਵਾਲ਼ੇ ਬਾਗ਼ ਦੇ ਸ਼ਹੀਦ, ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰ, ਗਦਰੀ ਬਾਬੇ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਤੇ ਲਾਲਾ ਲਾਜਪਤ ਰਾਏ ਆਦਿ ਦੇਸ ਭਗਤਾਂ ਦਾ ਜ਼ਿਕਰ ਆਇਆ ਹੈ।

**ਪ੍ਰਸ਼ਨ ਅ. ਇਸ ਕਵਿਤਾ ਵਿੱਚ ਦੇਸ ਦੀ ਅਜ਼ਾਦੀ ਦੇ ਇਤਿਹਾਸ ਨਾਲ਼ ਸੰਬੰਧਿਤ ਕਿਹੜੀਆਂ-ਕਿਹੜੀਆਂ ਥਾਂਵਾਂ ਦਾ ਵਰਣਨ ਹੈ?**

ਉੱਤਰ : ਇਸ ਕਵਿਤਾ ਵਿੱਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ਼ ਸੰਬੰਧਿਤ ਥਾਂਵਾਂ ਜਲ੍ਹਿਆਂ ਵਾਲ਼ਾ ਬਾਗ਼, ਕਾਮਾਗਾਟਾ ਮਾਰੂ ਸਾਕੇ ਨਾਲ਼ ਸੰਬੰਧਿਤ ਪਾਣੀ (ਬਜਬਜ ਘਾਟ) ਤੇ ਝਾਂਸੀ ਦਾ ਵਰਣਨ ਹੈ।

### 2. ਹੇਠਾ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ:

ਲਹੂਆਂ ਦੇ ਸੰਗ ਲਿਖੀ ਗਈ ਹੈ,
ਅਣਖ ਤੇਰੀ ਦੀ ਲੰਮੀ ਗਾਥਾ।

**ਅਰਥ :** ਭਾਰਤ ਮਾਤਾ ਦੀ ਅਣਖ ਅਤੇ ਅਜ਼ਾਦੀ ਦੀ ਰਾਖੀ ਖ਼ਾਤਰ ਦੇਸ ਭਗਤਾਂ ਵਲੋਂ ਦਿੱਤੀਆਂ ਕੁਰਬਾਨੀਆਂ ਦੀ ਕਹਾਣੀ ਬਹੁਤ ਲੰਮੀ ਹੈ।

ਫਾਂਸੀ ਦੇ ਫੱਟਿਆਂ 'ਤੇ ਬੈਠੀ,
ਤਵਾਰੀਖ਼ ਪਈ ਆਖੇ,
ਜੈ ਭਾਰਤ, ਜੈ ਭਾਰਤ ਮਾਤਾ।

**ਅਰਥ :** ਭਾਰਤ ਮਾਤਾ ਦੀ ਅਣਖ ਅਤੇ ਅਜ਼ਾਦੀ ਦੀ ਰਾਖੀ ਖ਼ਾਤਰ ਅਨੇਕਾਂ ਸੂਰਮੇ ਫਾਂਸੀ ਉੱਤੇ ਚੜ੍ਹ ਗਏ। ਅਜਿਹੇ ਸੂਰਮਿਆਂ ਦੀ ਮਾਂ ਭਾਰਤ ਦੀ ਜੈ-ਜੈਕਾਰ ਕਰਦੇ ਹਾਂ।

### 3. ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਸੰਗ | : | ਨਾਲ਼ |
| ਗਾਥਾ | : | ਕਥਾ, ਕਹਾਣੀ |
| ਚੰਡੀ | : | ਦੁਰਗਾ ਦੇਵੀ, ਤਲਵਾਰ |
| ਛਾਬਾ | : | ਤੱਕੜੀ ਦਾ ਇੱਕ ਪਲੜਾ, ਡੂੰਘੀ ਟੋਕਰੀ |
| ਸਾਕਾ | : | ਇਤਿਹਾਸ ਵਿੱਚ ਵਾਪਰੀ ਅਹਿਮ ਘਟਨਾ |
| ਤਵਾਰੀਖ਼ | : | ਇਤਿਹਾਸ , ਬੀਤੇ ਸਮੇਂ ਦੀ ਵਾਰਤਾ |
| ਅਣਖ | : | ਸ੍ਵੈਮਾਨ, ਗ਼ੈਰਤ |
| ਖੰਡਰ | : | ਡਿੱਗੀ-ਢੱਠੀ ਇਮਾਰਤ, ਖ਼ੋਲੇ |
| ਅਮਰ | : | ਜੋ ਮਰੇ ਨਾ, ਸਦੀਵੀ, ਚਿਰੰਜੀਵ |